# ਰਾਜ ਦੀਆਂ ਚੋਣਾਂ ਵਿੱਚ ਵੋਟ ਕਿਵੇਂ ਪਾਉਣੀ ਹੈ

**ਪੰਜਾਬੀ**
**Punjabi**

**ਵੋਟ ਪਾਉਣਾ ਤੁਹਾਡੇ ਲਈ ਆਪਣੀ ਰਾਏ ਦੇਣ ਦਾ ਮੌਕਾ ਹੈ ਕਿ ਸਰਕਾਰ ਵਿੱਚ ਤੁਹਾਡੀ ਨੁਮਾਇੰਦਗੀ ਕੌਣ ਕਰਦਾ ਹੈ।**

**ਤੁਹਾਡੀ ਵੋਟ ਤੁਹਾਡੀ ਚੋਣ ਹੈ। ਤੁਸੀਂ ਖੁਦ ਚੁਣਦੇ ਹੋ ਕਿ ਵੋਟ ਕਿਸ ਨੂੰ ਪਾਉਣੀ ਹੈ।**

**ਤੁਹਾਡੀ ਵੋਟ ਗੁਪਤ ਰਹਿੰਦੀ ਹੈ। ਕਿਸੇ ਹੋਰ ਨੂੰ ਇਹ ਨਹੀਂ ਦੇਖਣਾ ਚਾਹੀਦਾ ਕਿ ਤੁਸੀਂ ਕਿਸ ਨੂੰ ਵੋਟ ਪਾ ਰਹੇ ਹੋ।**

## ਰਾਜ ਦੀਆਂ ਚੋਣਾਂ ਵਿੱਚ ਵੋਟ ਕਿਵੇਂ ਪਾਉਣੀ ਹੈ

- **ਤੁਸੀਂ ਕਿਸੇ ਵੀ ਸਮੇਂ ਮਦਦ ਦੀ ਮੰਗ ਕਰ ਸਕਦੇ ਹੋ।**
- **ਜੇ ਤੁਸੀਂ ਕੋਈ ਗਲਤੀ ਕਰ ਲੈਂਦੇ ਹੋ ਤਾਂ ਤੁਸੀਂ ਨਵੇਂ ਬੈਲਟ ਪੇਪਰਾਂ ਦੀ ਮੰਗ ਕਰ ਸਕਦੇ ਹੋ।**
- **ਜੇ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਸੇ ਚੋਣ ਕਰਮਚਾਰੀ ਨੂੰ ਪੁੱਛੋ।**

**1**

### ਪੋਲਿੰਗ ਸਥਾਨ ਵਿੱਚ ਤੁਹਾਨੂੰ 3 ਸਵਾਲ ਪੁੱਛੇ ਜਾਣਗੇ:


- ਕੀ ਤੁਸੀਂ ਪਹਿਲਾਂ ਹੀ ਇਸ ਚੋਣ ਵਿੱਚ ਵੋਟ ਪਾਈ ਹੈ?
- ਤੁਹਾਡਾ ਪੂਰਾ ਨਾਮ ਕੀ ਹੈ?
- ਉਸ ਜਗ੍ਹਾ ਦਾ ਪਤਾ ਕੀ ਹੈ ਜਿੱਥੇ ਤੁਸੀਂ ਰਹਿੰਦੇ ਹੋ?



**2**

### ਤੁਹਾਨੂੰ 2 ਬੈਲਟ ਪੇਪਰ ਦਿੱਤੇ ਜਾਣਗੇ:

- **ਛੋਟਾ ਬੈਲਟ ਪੇਪਰ** - ਵਿਧਾਨ ਸਭਾ (Legislative Assembly) (ਸੰਸਦ ਦੇ ਹੇਠਲੇ ਸਦਨ) ਲਈ
- **ਵੱਡਾ ਬੈਲਟ ਪੇਪਰ** - ਵਿਧਾਨ ਪ੍ਰੀਸ਼ਦ (Legislative Council) (ਸੰਸਦ ਦੇ ਉੱਪਰਲੇ ਸਦਨ) ਲਈ



**3**

### ਆਪਣੇ ਬੈਲਟਾਂ ਨੂੰ ਗੱਤੇ ਨਾਲ ਬਣੇ ਵੋਟ ਪਾਉਣ ਵਾਲੇ ਖੇਤਰ ਵਿੱਚ ਲੈ ਜਾਓ



WESTERN AUSTRALIAN
Electoral Commission

More information
elections.wa.gov.au
General Enquiries Line
13 63 06 or (08) 9214 0400

## 4


## ਆਪਣੇ ਬੈਲਟ ਪੇਪਰਾਂ ਨੂੰ ਭਰੋ:

**ਛੋਟਾ ਬੈਲਟ ਪੇਪਰ (ਵਿਧਾਨ ਸਭਾ) (Legislative Assembly)**

ਆਪਣੀ ਪਸੰਦ ਦੀ ਤਰਤੀਬ ਵਿੱਚ ਹਰ ਡੱਬੇ ਵਿੱਚ ਨੰਬਰ ਲਿਖੋ।

ਉਦਾਹਰਨ ਲਈ, ਆਪਣੀ ਪਹਿਲੀ ਪਸੰਦ ਲਈ 1, ਦੂਜੀ ਪਸੰਦ ਲਈ 2 ਲਿਖੋ ਅਤੇ ਉਦੋਂ ਤੱਕ ਜਾਰੀ ਰੱਖੋ ਜਦੋਂ ਤੱਕ ਸਾਰੇ ਡੱਬਿਆਂ ਵਿੱਚ ਦੀ ਗਿਣਤੀ ਨਹੀਂ ਲਿਖੀ ਜਾਂਦੀ।

- ਕੋਈ ਡੱਬਾ ਖਾਲੀ ਨਾ ਛੱਡੋ।
- ਸਹੀ ਜਾਂ ਗ਼ਲਤ ਦੇ ਨਿਸ਼ਾਨਾਂ ਦੀ ਵਰਤੋਂ ਨਾ ਕਰੋ। ਸਿਰਫ ਗਿਣਤੀ ਦੀ ਵਰਤੋਂ ਕਰੋ।
- ਗਿਣਤੀ ਨੂੰ ਨਾ ਦੁਹਰਾਓ।


Western Australia Ballot Paper

Election of one member of the Legislative Assembly

________ DISTRICT

Number the squares from 1 to 4 in the order of your choice.

- BROWN, Norman — Clear Future Party
- JONES, Grace — United People's Party
- WILSON, Sam — Stability Party
- WIRGYING, Yorgar — Independent

REMEMBER
Number every square to make your vote count.


**ਵੱਡਾ ਬੈਲਟ ਪੇਪਰ (ਵਿਧਾਨ ਪ੍ਰੀਸ਼ਦ) (Legislative Council)**

ਤੁਸੀਂ ਇਹ ਚੁਣ ਸਕਦੇ ਹੋ ਕਿ ਕੀ ਤੁਸੀਂ ਬੈਲਟ ਪੇਪਰ ਉਪਰ ਮੋਟੀ ਲਾਈਨ ਦੇ 'ਉੱਪਰ' ਜਾਂ 'ਹੇਠਾਂ' ਵੋਟ ਪਾਉਣੀ ਚਾਹੁੰਦੇ ਹੋ। ਤੁਸੀਂ ਦੋਵੇਂ ਚੀਜ਼ਾਂ ਨਹੀਂ ਕਰ ਸਕਦੇ।

ਬੈਲਟ ਪੇਪਰ ਉਪਰ ਗਿਣਤੀ ਲਿਖੋ:

**ਲਾਈਨ ਦੇ ਉੱਪਰ:**
ਨੰਬਰ ਇਕ ਜਾਂ ਵਧੇਰੇ ਡੱਬੇ।

**ਲਾਈਨ ਦੇ ਹੇਠਾਂ:**
ਆਪਣੀ ਪਸੰਦ ਦੀ ਤਰਤੀਬ ਵਿੱਚ 20 ਜਾਂ ਵਧੇਰੇ ਡੱਬਿਆਂ ਤੱਕ ਗਿਣਤੀ ਲਿਖੋ। ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਸਾਰੇ ਡੱਬਿਆਂ ਵਿੱਚ ਗਿਣਤੀ ਲਿਖਣ ਦੀ ਲੋੜ ਨਹੀਂ ਹੈ।


**You may vote either ABOVE or BELOW-the-line but not both:**

WHOLE OF STATE ELECTORATE

If you vote **ABOVE**-the-line:

Write the number **1** in the square above the name of the party or group of your choice. You can make more choices if you want to, by writing more numbers in the other squares in order, starting from number **2**. You don't need to write a number in every square.
Don't write any numbers below the line.

| A | B | C | D | E | F | G | H |
|---|---|---|---|---|---|---|---|
| Grape Party | Clear Future Party | United People's Party | Trust Party | The Stability Party | No Square | Independent | No Square |

OR

If you vote **BELOW**-the-line:

Write the numbers 1 to 20 in the squares to the left of the name of the candidates of your choice.
You can make more choices if you want to, by writing more numbers in the other squares in order, starting from number **21**.
You don't need to write a number in every square.
Don't write any numbers above the line.


Fold this ballot paper so that your vote cannot be seen and place it in the ballot box (or in the envelope provided).

WESTERN AUSTRALIAN Electoral Commission

| A | B | C | D | E | F | G | H |
|---|---|---|---|---|---|---|---|
| LOU, Ruby Grape Party | KENT, Clark Clear Future Party | WHITE, Cynthia United People's Party | ROBINSON, Brad Trust Party | PATEL, Shazza The Stability Party | THOMAS, Menta Independent | TAYLOR, Emily Independent | CHEN, David Independent |
| HALL, Norris Grape Party | JOHNSON, Bruce Clear Future Party | LEE, Craig United People's Party | HARRIS, Carli Trust Party | SMITH, Larry The Stability Party | KING, Emma Independent | KIM, Ethan Independent | ROSS, Robert Independent |
| KIPLER, Karl Grape Party | SCOTT, Paul Clear Future Party | WALKER, Serena United People's Party | ANDERSON, Christopher Trust Party | BROWN, Norma The Stability Party | | SINGH, David Independent | THOMPSON, Michael Independent |
| GRAY, Becky Grape Party | CHOPP, Sally Clear Future Party | BLACK, Tom United People's Party | MARTIN, Tina Trust Party | WILSON, Tim The Stability Party | | BARNES, William Independent | PATEL, Ian Independent |
| SHUM, Edward Grape Party | SMILY, Sam Clear Future Party | PURPLE, Salma United People's Party | SHORT, Sonia Trust Party | JONES, Cindy The Stability Party | | DUREK, Dan Independent | HAYES, Roger Independent |
| | FAWN, Clare Clear Future Party | | | DRAX, Xander The Stability Party | | | BAIRD, Andy Independent |
| | | | | | | | TAN, Timothy Independent |

## 5

## ਆਪਣੇ ਬੈਲਟ ਪੇਪਰਾਂ ਨੂੰ 2 ਵੱਖ-ਵੱਖ ਬੈਲਟ ਵਾਲੇ ਡੱਬਿਆਂ ਵਿੱਚ ਪਾਓ



- **ਛੋਟਾ ਬੈਲਟ ਪੇਪਰ** – ਵਿਧਾਨ ਸਭਾ (Legislative Assembly) ਵਾਲਾ ਡੱਬਾ
- **ਵੱਡਾ ਬੈਲਟ ਪੇਪਰ** – ਵਿਧਾਨ ਪ੍ਰੀਸ਼ਦ (Legislative Council) ਵਾਲਾ ਡੱਬਾ

Interpreter

**If you need an interpreter, please call TIS National on 131 450 and ask them to call the WA Electoral Commission on (08) 9214 0400.**

Our business hours are from **8:30 am to 4:30 pm.**

WESTERN AUSTRALIAN
Electoral Commission

More information
**elections.wa.gov.au**

General Enquiries Line
**13 63 06** or **(08) 9214 0400**